# ਕਿਸੇ ਵਿਅਕਤੀ ਨੂੰ ਵਿਕਟੋਰੀਅਨ ਸੀਨੀਅਰ ਆਫ਼ ਦਾ ਈਅਰ ਅਵਾਰਡ ਲਈ ਨਾਮਜ਼ਦ ਕਰਨਾ

ਕਿਵੇਂ-ਕਰੀਏ ਗਾਈਡ

**OFFICIAL**

ਵਿਕਟੋਰੀਅਨ ਸੀਨੀਅਰ ਆਫ਼ ਦਾ ਈਅਰ ਅਵਾਰਡਾਂ ਲਈ ਨਾਮਜ਼ਦਗੀਆਂ ਸੋਮਵਾਰ 5 ਮਈ 2025 ਨੂੰ ਖੁੱਲ੍ਹਦੀਆਂ ਹਨ।

ਚਾਰ ਸੌਖੇ ਕਦਮਾਂ ਦੀ ਪਾਲਣਾ ਕਰਕੇ, ਆਪਣੀ ਨਾਮਜ਼ਦਗੀ ਦੀ ਤਿਆਰੀ ਜਲਦੀ ਸ਼ੁਰੂ ਕਰੋ।

## ਨਾਮਜ਼ਦਗੀ ਦਾਖ਼ਲ ਕਰਨ ਲਈ ਚਾਰ ਸੌਖੇ ਕਦਮ

### 1. ਯੋਗਤਾ ਦੀ ਜਾਂਚ ਕਰੋ

'ਵਿਕਟੋਰੀਅਨ ਸੀਨੀਅਰ ਆਫ਼ ਦਾ ਈਅਰ ਅਵਾਰਡ' ਲਈ ਨਾਮਜ਼ਦ ਕੀਤੇ ਜਾਣ ਵਾਲੇ ਵਿਅਕਤੀ ਲਾਜ਼ਮੀ ਤੌਰ 'ਤੇ ਇਹ ਹੋਣੇ ਚਾਹੀਦੇ ਹਨ:

- ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਨਿਵਾਸੀ,
  - ਵਿਕਟੋਰੀਆ ਦੇ ਵਸਨੀਕ ਅਤੇ
  - 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ, ਜਾਂ
- ਵਿਕਟੋਰੀਆ ਵਿੱਚ ਰਹਿਣ ਵਾਲਾ 50 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਆਦਿਵਾਸੀ ਅਤੇ/ਜਾਂ ਟੋਰੈਸ ਸਟ੍ਰੇਟ ਆਈਲੈਂਡਰ ਵਿਅਕਤੀ।

ਸਵੈ-ਨਾਮਜ਼ਦਗੀਆਂ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ ਹਨ।

### 2. ਅਵਾਰਡ (ਪੁਰਸਕਾਰ) ਦੀ ਸ਼੍ਰੇਣੀ ਚੁਣੋ

ਅਵਾਰਡ ਦੀਆਂ ਕੁੱਲ ਛੇ ਸ਼੍ਰੇਣੀਆਂ ਹਨ:

- **ਵਿਕਟੋਰੀਅਨ ਸੀਨੀਅਰ ਆਫ਼ ਦਾ ਈਅਰ** ਲਈ ਪ੍ਰੀਮੀਅਰ ਦਾ ਅਵਾਰਡ ਕਿਸੇ ਵਿਅਕਤੀ ਨੂੰ ਉਨ੍ਹਾਂ ਦੇ ਸਥਾਨਕ ਭਾਈਚਾਰੇ ਅਤੇ ਵਿਕਟੋਰੀਆ ਵਿੱਚ ਉਨ੍ਹਾਂ ਦੇ ਸ਼ਾਨਦਾਰ ਅਤੇ ਸਥਾਈ ਯੋਗਦਾਨ ਲਈ ਸਨਮਾਨ ਦਿੰਦਾ ਹੈ।
- **ਕੌਂਸਲ ਔਨ ਦਾ ਏਜਿੰਗ (COTA) ਵਿਕਟੋਰੀਆ ਸੀਨੀਅਰ ਅਚੀਵਰ ਅਵਾਰਡ** ਸਥਾਨਕ ਭਾਈਚਾਰਕ ਜੇਤੂਆਂ ਨੂੰ ਸਨਮਾਨ ਦਿੰਦੇ ਹਨ ਜੋ ਆਪਣੇ ਭਾਈਚਾਰੇ ਵਿੱਚ ਸਕਾਰਾਤਮਕ ਤਰੀਕੇ ਨਾਲ ਬਿਰਧ ਹੋਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।
- **ਇਮਰਜਿੰਗ ਇਮਪੈਕਟ ਅਵਾਰਡ ਕਿਸੇ ਅਜਿਹੇ ਵਿਅਕਤੀ ਨੂੰ** ਸਨਮਾਨ ਦਿੰਦਾ ਹੈ ਜੋ ਸਵੈ-ਸੇਵਾ ਲਈ ਨਵਾਂ ਹੈ ਅਤੇ ਆਪਣੇ ਸਥਾਨਕ ਭਾਈਚਾਰੇ ਵਿੱਚ ਮਹੱਤਵਪੂਰਨ ਪ੍ਰਭਾਵ ਪਾ ਰਿਹਾ ਹੈ।
- **ਪੌਜ਼ੇਟਿਵ ਏਜਿੰਗ ਅਵਾਰਡ** ਉਸ ਵਿਅਕਤੀ ਨੂੰ ਸਨਮਾਨ ਦਿੰਦਾ ਹੈ ਜੋ ਸਕਾਰਾਤਮਕ ਅਤੇ ਸਰਗਰਮ ਬੁਢਾਪੇ ਨੂੰ ਉਤਸ਼ਾਹਿਤ ਕਰਕੇ ਆਪਣੇ ਭਾਈਚਾਰੇ ਵਿੱਚ ਬਜ਼ੁਰਗ ਲੋਕਾਂ ਦੀ ਭਲਾਈ ਵਿੱਚ ਸੁਧਾਰ ਕਰਦਾ ਹੈ।
- **ਬਹੁ-ਸਭਿਆਚਾਰਵਾਦ ਨੂੰ ਉਤਸ਼ਾਹਿਤ ਕਰਨ ਵਾਲਾ ਅਵਾਰਡ** ਕਿਸੇ ਵਿਅਕਤੀ ਨੂੰ ਆਪਣੇ ਸਥਾਨਕ ਭਾਈਚਾਰੇ ਅਤੇ ਵਿਕਟੋਰੀਆ ਵਿੱਚ ਸਭਿਆਚਾਰਕ ਵਿਭਿੰਨਤਾ ਦੇ ਲਾਭਾਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਲਈ ਸਨਮਾਨ ਦਿੰਦਾ ਹੈ।
- **ਵੈਟਰਨ ਕਮਿਊਨਿਟੀ ਅਵਾਰਡ** ਕਿਸੇ ਵਿਅਕਤੀ ਨੂੰ ਸਾਬਕਾ ਫ਼ੌਜੀਆਂ ਦੇ ਭਾਈਚਾਰੇ ਵਿੱਚ ਉਨ੍ਹਾਂ ਦੇ ਖ਼ਾਸ ਯੋਗਦਾਨ ਲਈ ਸਨਮਾਨ ਦਿੰਦਾ ਹੈ। ਇਹ ਅਵਾਰਡ ਪ੍ਰਾਪਤ ਕਰਨ ਵਾਲੇ ਦਾ ਸਾਬਕਾ ਫ਼ੌਜੀ ਹੋਣਾ ਲਾਜ਼ਮੀ ਨਹੀਂ ਹੈ।



VICTORIA State Government | Families, Fairness and Housing

# 3. ਜਾਣਕਾਰੀ ਇਕੱਠੀ ਕਰੋ

ਨਾਮਜ਼ਦਗੀ ਕਰਨ ਲਈ, ਤੁਹਾਨੂੰ ਉਸ ਵਿਅਕਤੀ ਬਾਰੇ ਜਾਣਕਾਰੀ ਦੀ ਲੋੜ ਹੋਵੇਗੀ ਜਿਸ ਨੂੰ ਤੁਸੀਂ ਨਾਮਜ਼ਦ ਕਰ ਰਹੇ ਹੋ, ਜਿਸ ਵਿੱਚ ਉਹਨਾਂ ਦੀ ਹੇਠ ਲਿਖੀ ਜਾਣਕਾਰੀ ਸ਼ਾਮਲ ਹੈ:

- ਪੂਰਾ ਨਾਮ
- ਫ਼ੋਨ ਨੰਬਰ
- ਉਮਰ
- ਈਮੇਲ ਦਾ ਪਤਾ
- ਡਾਕ ਦਾ ਪਤਾ

ਨਾਮਜ਼ਦਗੀ ਫਾਰਮ ਨਾਮਜ਼ਦ ਕੀਤੇ ਜਾ ਰਹੇ ਵਿਅਕਤੀ ਦੇ ਸਵੈ-ਸੇਵੀ ਕੰਮਾਂ ਬਾਰੇ ਸਵਾਲ ਪੁੱਛਦਾ ਹੈ। ਤੁਹਾਨੂੰ ਪੁੱਛੇ ਜਾ ਸਕਣ ਵਾਲੇ ਕੁਝ ਸਵਾਲਾਂ ਵਿੱਚ ਸ਼ਾਮਲ ਹਨ:

- ਉਹ ਕਿਹੜੀਆਂ ਸੰਸਥਾ/ਸੰਸਥਾਵਾਂ ਲਈ ਸਵੈ-ਸੇਵਾ ਕਰਦੇ ਹਨ?
- ਉਹ ਹਫ਼ਤੇ ਵਿੱਚ ਕਿੰਨੇ ਘੰਟੇ/ਦਿਨ ਸਵੈ-ਸੇਵਾ ਵਾਲਾ ਕੰਮ ਕਰਦੇ ਹਨ?
- ਉਨ੍ਹਾਂ ਦੇ ਯੋਗਦਾਨ ਦਾ ਸਮਾਜ 'ਤੇ ਕੀ ਪ੍ਰਭਾਵ ਪੈਂਦਾ ਹੈ?

# 4. ਹਵਾਲੇ ਅਤੇ ਇੱਕ ਫ਼ੋਟੋ ਲੱਭੋ

ਆਖਰੀ ਕਦਮ, ਕੁਝ ਸਹਾਇਕ ਜਾਣਕਾਰੀ ਹੈ। ਤੁਹਾਡੇ ਨਾਮਜ਼ਦ ਕੀਤੇ ਜਾ ਰਹੇ ਵਿਅਕਤੀ ਲਈ, ਤੁਹਾਨੂੰ ਇਨ੍ਹਾਂ ਦੀ ਲੋੜ ਹੋਵੇਗੀ:

- 2 ਲੋਕਾਂ ਦੇ ਹਵਾਲੇ, ਉਹਨਾਂ ਦੇ ਸੰਪਰਕ ਵੇਰਵਿਆਂ ਸਮੇਤ
- ਨਾਮਜ਼ਦ ਵਿਅਕਤੀ ਦੀ ਇੱਕ ਫ਼ੋਟੋ।

ਨਾਮਜ਼ਦ ਦਾਖ਼ਲ ਕਰਨ ਦੀਆਂ ਸ਼ਰਤਾਂ ਸਮੇਤ ਹੋਰ ਜਾਣਕਾਰੀ ਲਈ, ਸੀਨੀਅਰਜ਼ ਔਨਲਾਈਨ ਵੈੱਬਸਾਈਟ 'ਤੇ ਜਾਓ: www.seniorsonline.vic.gov.au/awards

Authorised and published by the Victorian Government, 1 Treasury Place, Melbourne.
© State of Victoria, Australia, Department of Families, Fairness and Housing, April 2025.